# ਕਿਸਾਨ ਆਲੂ ਅਤੇ ਮਟਰਾਂ ਦੀ ਬਿਜਾਈ ਬੀਜ ਨੂੰ ਸੋਧ ਕੇ ਕਰਨ : ਡਿਪਟੀ ਡਾਇਰੈਕਟਰ ਬਾਗਬਾਨੀ

ਤਰਨਤਾਰਨ, 19 ਸਤੰਬਰ :

ਜ਼ਿਲ੍ਹਾ ਤਰਨਤਾਰਨ ਵਿਚ ਝੋਨੇ ਦੀ ਕਟਾਈ ਉਪਰੰਤ ਕਾਫੀ ਰਕਬੇ ਵਿਚ ਆਲੂ ਅਤੇ ਮਟਰਾਂ ਦੀ ਬਿਜਾਈ ਕੀਤੀ ਜਾਂਦੀ ਹੈ। ਇਨ੍ਹਾਂ ਫ਼ਸਲਾਂ ਨੂੰ ਕੁਝ ਬੀਮਾਰੀਆਂ ਲੱਗਦੀਆਂ ਹਨ, ਜੋ ਕੇਵਲ ਬੀਜ ਨੂੰ ਸੋਧ ਕੇ ਬੀਜਣ ਨਾਲ ਹੀ ਕੰਟਰੋਲ ਕੀਤੀਆਂ ਜਾ ਸਕਦੀਆਂ ਹਨ ਅਤੇ ਜੇਕਰ ਬਿਜਾਈ ਬੀਜ ਸੋਧ ਕੇ ਨਾ ਕੀਤੀ ਜਾਵੇ ਤਾਂ ਬਾਅਦ ਵਿਚ ਇਨ੍ਹਾਂ ਨੂੰ ਕੰਟਰੋਲ ਕਰਨਾ ਸੰਭਵ ਨਹੀਂ ਹੁੰਦਾ, ਜਿਸ ਕਰਕੇ ਫ਼ਸਲ ਦੀ ਕੁਆਲਟੀ ਅਤੇ ਝਾੜ ਦੋਹਾਂ ’ਤੇ ਹੀ ਮਾੜਾ ਅਸਰ ਪੈਂਦਾ ਹੈ।



ਇਹ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਬਾਗਬਾਨੀ ਤਰਨਤਾਰਨ ਸ੍ਰੀ ਬਾਜ ਸਿੰਘ ਨੇ ਦੱਸਿਆ ਕਿ ਆਲੂਆਂ ਦੀ ਫ਼ਸਲ ਵਿਚ ਬਲੈਕ ਸਕਰਫ (ਕਾਲਾ ਧੱਬਾ) ਅਤੇ ਤਣੇ ਦੀ ਕੈਂਕਰ ਰੋਗ ਰਾਈਜੋਕਟੋਨੀਆ ਸੋਲਾਨੀ ਨਾਮਕ ਉਲ੍ਹੀ ਨਾਲ ਆਉਂਦਾ ਹੈ। ਇਹ ਉਲ੍ਹੀ ਬੀਜ ਵਿਚ ਜਾਂ ਜਮੀਨ ਦੋਹਾਂ ਵਿਚ ਹੀ ਮੌਜੂਦ ਹੋ ਸਕਦੀ ਹੈ। ਕੈਂਕਰ ਦਾ ਹਮਲਾ ਜ਼ਮੀਨ ਦੇ ਵਿਚ ਪੁੰਗਰਦੇ ਆਲੂ ਉੱਪਰ ਹੀ ਸ਼ੁਰੂ ਹੋ ਜਾਂਦਾ ਹੈ, ਜਿਸ ਕਰਕੇ ਫੁਟਾਰੇ ਵਾਲੀ ਸ਼ਾਖਾ ਜਮੀਨ ਵਿਚ ਹੀ ਮਰ ਜਾਂਦੀ ਹੈ ਜਾਂ ਜਮੀਨ ਤੋਂ ਉੱਪਰ ਬਹੁਤ ਕਮਜ਼ੋਰ ਨਿਕਲਦੀ ਹੈ।

ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਸਕਰਫ (ਕਾਲਾ ਧੱਬਾ) ਰੋਗ ਨਾਲ ਆਲੂ ਉੱਪਰ ਕਾਲੇ ਧੱਬੇ ਆ ਜਾਣ ਕਰਕੇ ਝਾੜ ਘੱਟ ਨਿਕਲਦਾ ਹੈ ਅਤੇ ਉਪਜ ਦੀ ਕੁਆਲਟੀ ਮਾੜੀ ਹੋਣ ਕਾਰਨ ਕੀਮਤ ਵੀ ਘੱਟ ਮਿਲਦੀ ਹੈ। ਇਸ ਦਾ ਇਲਾਜ ਕੇਵਲ ਬਿਜਾਈ ਤੋਂ ਪਹਿਲਾਂ ਬੀਜ ਦੀ ਸੋਧ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਬਿਜਾਈ ਤੋਂ ਪਹਿਲਾਂ ਬੀਜ ਨੂੰ 2.5 ਗ੍ਰਾਮ ਐਮੀਸਾਨ ਜਾਂ 2.5 ਮਿਲੀ ਲੀਟਰ ਮੋਨਸਰਨ ਉਲ੍ਹੀਨਾਸ਼ਕ ਦਵਾਈ ਦੇ ਘੋਲ ਵਿੱਚ 10 ਮਿੰਟ ਲਈ ਡਬੋ ਕੇ ਸੋਧ ਲਿਆ ਜਾਵੇ ਤਾਂ ਇਹਨਾਂ ਬੀਮਾਰੀਆਂ ਤੇ ਕੰਟਰੋਲ ਕੀਤਾ ਜਾ ਸਕਦਾ ਹੈ।

ਡਿਪਟੀ ਡਾਇਰੈਕਟਰ ਬਾਗਬਾਨੀ ਨੇ ਦੱਸਿਆ ਕਿ ਅਜਿਹਾ ਕਰਨ ਨਾਲ ਝਾੜ ਵਧੇਗਾ ਅਤੇ ਚੰਗੀ ਕੁਆਲਟੀ ਦਾ ਆਲੂ ਪੈਦਾ ਹੋਵੇਗਾ। ਇਸੇ ਤਰ੍ਹਾਂ ਹੀ ਅਗੇਤੇ ਮਟਰਾਂ ਵਿਚ ਉਖੇੜਾ ਰੋਗ ਬਹੁਤ ਆਉਂਦਾ ਹੈ, ਜਿਸ ਨਾਲ ਬੂਟੇ ਮਰ ਜਾਂਦੇ ਹਨ ਜਾਂ ਕਮਜ਼ੋਰ ਪੈ ਜਾਂਦੇ ਹਨ। ਇਸ ਬੀਮਾਰੀ ਦਾ ਕੰਟਰੋਲ ਬਿਜਾਈ ਤੋਂ ਪਹਿਲਾਂ ਬੀਜ ਨੂੰ 1 ਗ੍ਰਾਮ ਬਵਿਸਟਨ ਪ੍ਰਤੀ ਕਿਲੋ ਦੇ ਹਿਸਾਬ ਸੋਧ ਕੇ ਬੀਜਣਾ ਚਾਹੀਦਾ ਹੈ। ਇਨ੍ਹਾਂ ਦੋਹਾਂ ਫ਼ਸਲਾਂ ਵਿਚ ਬੀਜ ਨੂੰ ਸੋਧ ਕੇ ਬੀਜਣ ਨਾਲ ਫ਼ਸਲ ਦੇ ਝਾੜ ਵਿਚ ਕਾਫੀ ਵਾਧਾ ਹੁੰਦਾ ਹੈ।

---------------------------- ------------